

## IRCC-ਦੁਆਰਾ ਵਿੱਤੀ ਮਦਦ ਵਾਲੀਆਂ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਮਾਤਾ-ਪਿਤਾ ਲਈ

# ਨਵੇਂ ਆਉਣ ਵਾਲੇ ਬੱਚਿਆਂ ਦੀ ਦੇਖਭਾਲ (CARE FOR NEWCOMER CHILDREN – CNC) ਬਾਰੇ ਸਭ ਕੁਝ

***ਸੁਆਗਤ ਹੈ! ਸਾਡਾ CNC ਪ੍ਰੋਗਰਾਮ ਖ਼ਾਸ ਤੌਰ 'ਤੇ ਉਹਨਾਂ ਬੱਚਿਆਂ ਦੀ ਸਹਾਇਤਾ ਲਈ ਤਿਆਰ ਕੀਤਾ ਗਿਆ ਹੈ, ਜਿਹੜੇ ਕੈਨੇਡਾ ਵਿੱਚ ਨਵੇਂ ਆਏ ਹਨ, ਅਤੇ ਉਹਨਾਂ ਦੇ ਪਰਿਵਾਰਾਂ ਨੂੰ ਉਦੋਂ ਸਹਾਇਤਾ ਦੇਣ ਲਈ ਹੈ, ਜਦੋਂ ਉਹ IRCC ਦੁਆਰਾ ਵਿੱਤੀ ਮਦਦ ਵਾਲੀਆਂ ਸੇਵਾਵਾਂ ਲਈ ਪਹੁੰਚ ਕਰਦੇ ਹਨ। ਤੁਹਾਡੀ ਸੇਵਾ ਲਈ ਅਸੀਂ ਇੱਥੇ ਹਾਜ਼ਰ ਹਾਂ।***

***ਅਸੀਂ ਜਾਣਦੇ ਹਾਂ ਕਿ ਇਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਬੇਹੱਦ ਤਬਦੀਲੀ ਵਾਲਾ ਸਮਾਂ ਹੈ। ਸਾਡਾ ਟੀਚਾ ਜਿਵੇਂ-ਜਿਵੇਂ ਤੁਹਾਡਾ ਪਰਿਵਾਰ ਕੈਨੇਡਾ ਵਿੱਚ ਵੱਸਣਾ ਸ਼ੁਰੂ ਕਰਦਾ ਹੈ, ਤੁਹਾਡੇ ਬੱਚੇ ਨੂੰ ਉਹਨਾਂ ਦੇ ਵਿਕਾਸ ਅਤੇ ਵਿਸ਼ਵਾਸ ਨੂੰ ਬਣਾਉਂਦੇ ਹੋਏ ਉਹਨਾਂ ਨੂੰ ਸੁਆਗਤ, ਸੁਰੱਖਿਆ ਅਤੇ ਮਹਿਫੂਜ਼ੀ ਦਾ ਅਹਿਸਾਸ ਕਰਵਾਉਣਾ ਹੈ।***

**ਜਦੋਂ ਕੋਈ ਬੱਚਾ CNC ਪ੍ਰੋਗਰਾਮ ਵਿੱਚ ਹੋਵੇ, ਤਾਂ ਉਹਨਾਂ ਦੇ ਮਾਤਾ-ਪਿਤਾ ਨੂੰ ਸਾਰੇ ਸਮਿਆਂ ਤੇ ਸਾਈਟ 'ਤੇ ਰਹਿਣਾ ਚਾਹੀਦਾ ਹੈ।**

## ਤੁਹਾਡੇ ਬੱਚੇ ਦੀ ਸੁਰੱਖਿਆ ਤੋਂ ਜ਼ਿਆਦਾ ਅਹਿਮ ਹੋਰ ਕੋਈ ਵੀ ਚੀਜ਼ ਨਹੀਂ ਹੈ!

ਤੁਸੀਂ ਇਸ ਗੱਲ ਦਾ ਭਰੋਸਾ ਰੱਖ ਸਕਦੇ ਹੋ ਕਿ ਸਾਡਾ ਸਟਾਫ਼ ਯੋਗ ਅਤੇ ਤਜਰਬੇਕਾਰ ਹੈ।

- ਸਾਰਾ ਸਟਾਫ਼ ਪਿਛੋਕੜ/ਅਪਰਾਧਕ ਰਿਕਾਰਡ ਜਾਂਚਾਂ ਅਤੇ ਫ਼ਸਟ ਏਡ ਟਰੇਨਿੰਗ ਨਾਲ ਲੈਸ ਹੈ।
- ਅਸੀਂ CNC ਦੀਆਂ ਸ਼ਰਤਾਂ ਦੀ ਪਾਲਣਾ ਕਰਦੇ ਹਾਂ ਅਤੇ ਇਸ ਗੱਲ ਦੀ ਨਿਗਰਾਨੀ ਕੀਤੀ ਜਾਂਦੀ ਹੈ ਕਿ ਅਸੀਂ ਸਿਹਤ ਅਤੇ ਸੁਰੱਖਿਆ ਦੇ ਮਿਆਰਾਂ ਦੀ ਪੂਰਤੀ ਕਰਦੇ ਹਾਂ।
- ਇਹ ਯਕੀਨੀ ਬਣਾਉਣ ਲਈ ਕਿ ਸਾਰੇ ਬੱਚੇ ਬਰਾਬਰੀ ਅਤੇ ਇੱਜ਼ਤ ਨਾਲ ਵਿਵਹਾਰ ਕੀਤੇ ਜਾਂਦੇ ਹਨ, ਸਾਡੇ ਕੋਲ ਇੱਕ ਵਿਹਾਰ ਪ੍ਰਬੰਧਨ ਨੀਤੀ ਹੈ। ਸਟਾਫ਼ ਨੂੰ ਸਕਾਰਾਤਮਕ ਤਰੀਕਿਆਂ ਨਾਲ ਆਪਣੇ ਵਤੀਰੇ ਨੂੰ ਮਜ਼ਬੂਤ ਕਰਨਾ ਚਾਹੀਦਾ। ਬੱਚਿਆਂ ਨੂੰ ਸਰੀਰਕ ਤੌਰ 'ਤੇ ਸਜ਼ਾ ਜਾਂ ਉਹਨਾਂ ਨਾਲ ਸਖ਼ਤੀ ਨਾਲ ਗੱਲ ਕਰਨ ਦੀ ਆਗਿਆ ਨਹੀਂ ਹੈ; ਨਾ ਹੀ ਨਿਰੀਖਣ ਵਿੱਚ ਲਾਪਰਵਾਹੀ ਜਾਂ ਕਮੀ ਹੈ।
- ਕੋਈ ਵੀ ਅਜਿਹੀ ਸਥਿਤੀ ਜਿਸ ਰਾਹੀਂ ਬੱਚੇ ਨੂੰ ਕੋਈ ਨੁਕਸਾਨ ਹੋਇਆ ਹੋਵੇ ਜਾਂ ਉਸ ਵਾਸਤੇ ਅਣਗਹਿਲੀ ਕੀਤੀ ਗਈ ਹੋਵੇ, ਉਸਦੀ ਸੂਚਨਾ ਉਚਿਤ ਅਧਿਕਾਰੀਆਂ ਨੂੰ ਦੇਣੀ ਸਟਾਫ਼ ਦੀ ਪੇਸ਼ੇਵਰ ਕਾਨੂੰਨੀ ਜ਼ਿੰਮੇਵਾਰੀ ਹੈ।

ਜੇ ਤੁਸੀਂ ਹੋਰ ਜਾਣਕਾਰੀ ਪ੍ਰਾਪਤ ਕਰਨ ਦੇ ਇੱਛੁਕ ਹੋ, ਤਾਂ ਸਾਡੀ ਵਿਹਾਰ ਪ੍ਰਬੰਧਨ ਨੀਤੀ ਜਾਂ ਸ਼ੱਕੀ ਬੱਚਾ ਦੁਰਵਿਵਹਾਰ/ਅਣਗਹਿਲੀ ਨੀਤੀ (ਪਾਲਸੀ) ਦੀ ਇੱਕ ਕਾਪੀ ਬੇਝਿਜਕ ਮੰਗੋ।

## ਤੁਸੀਂ CNC ਤੋਂ ਕਿਸ ਚੀਜ਼ ਦੀ ਉਮੀਦ ਰੱਖ ਸਕਦੇ ਹੋ ?

ਜਿਸ ਤਰੀਕੇ ਨਾਲ ਅਸੀਂ ਕੈਨੇਡਾ ਵਿੱਚ ਸਮੂਹ ਸੈਟਿੰਗ ਵਿਚ ਬੱਚਿਆਂ ਦੀ ਦੇਖਭਾਲ ਕਰਦੇ ਹਾਂ, ਇਹ ਤੁਹਾਡੇ ਦੇਸ਼ ਨਾਲੋਂ ਵੱਖਰਾ ਹੋ ਸਕਦਾ ਹੈ। ਜੇ ਅਨੁਸ਼ਾਸਨ, ਖਾਣੇ, ਭਾਸ਼ਾ, ਸਿੱਖਿਆ ਜਾਂ ਹੋਰ ਰੁਟੀਨ ਗੱਲਾਂ ਬਾਬਤ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਪੁੱਛੋ। ਖੋਜ ਨੇ ਇਹ ਵਿਖਾਇਆ ਹੈ ਕਿ ਬੱਚੇ ਖੇਡਾਂ ਰਾਹੀਂ ਸਿੱਖਦੇ ਹਨ, ਇਸ ਲਈ ਸਟਾਫ਼ ਬੱਚਿਆਂ ਦੇ ਹਿੱਤਾਂ, ਉਮਰਾਂ, ਕਾਬਲੀਅਤਾਂ ਅਤੇ ਸੱਭਿਆਚਾਰਾਂ ਲਈ ਉਚਿਤ ਵਿੱਦਿਅਕ ਅਤੇ ਖੇਡ-ਅਧਾਰਿਤ ਗਤੀਵਿਧੀਆਂ ਦੀ ਯੋਜਨਾ ਬਣਾਉਂਦਾ ਹੈ। ਤੁਹਾਡਾ ਬੱਚਾ ਦੂਜੇ ਬੱਚਿਆਂ ਨਾਲ ਘੁਲਣਾ-ਮਿਲਣਾ ਸ਼ੁਰੂ ਕਰ ਦੇਵੇਗਾ ਅਤੇ ਉਹਨਾਂ ਹੁਨਰਾਂ ਵਿੱਚ ਵਿਕਾਸ ਹਾਸਲ ਕਰ ਲਵੇਗਾ ਜਿਹੜੇ ਉਹਨਾਂ ਨੂੰ ਸਕੂਲ ਵਾਸਤੇ ਤਿਆਰ ਕਰਨਗੇ।

### ਤੁਸੀਂ ਆਪਣੇ ਬੱਚੇ ਨੂੰ CNC ਮੁਤਾਬਿਕ ਅਨੁਕੂਲ ਹੋਣ ਵਾਸਤੇ ਕੀ ਮਦਦ ਕਰ ਸਕਦੇ ਹੋ?

CNC ਸ਼ੁਰੂ ਕਰਨ ਬਾਬਤ ਤੁਹਾਡੇ ਬੱਚਿਆਂ ਵਿੱਚ ਡਰ ਹੋਣਾ ਆਮ ਗੱਲ ਹੈ। ਤਬਦੀਲੀ ਨੂੰ ਸੌਖਾ ਬਣਾਉਣ ਲਈ ਸਟਾਫ਼ ਤੁਹਾਡੇ ਨਾਲ ਕੰਮ ਕਰੇਗਾ, ਪਰ ਪਹਿਲਾਂ ਪਹਿਲਾਂ, ਤੁਹਾਡਾ ਬੱਚਾ ਰੋ ਸਕਦਾ ਹੈ, ਤੁਹਾਡੇ ਨਾਲ ਚਿੰਬੜ ਸਕਦਾ ਹੈ, ਜਾਂ ਦੂਜੇ ਵਤੀਰਿਆਂ ਦਾ ਪ੍ਰਦਰਸ਼ਨ ਕਰ ਸਕਦਾ ਹੈ। ਤੁਸੀਂ ਆਪਣੇ ਬੱਚੇ ਦੇ ਡਰਾਂ ਨੂੰ ਘਟਾਉਣ ਲਈ ਕਿਸ ਤਰ੍ਹਾਂ ਮਦਦ ਕਰ ਸਕਦੇ ਹੋ, ਇਹਨਾਂ ਵਿਚਾਰਾਂ ਬਾਬਤ *CNC ਵਿੱਚ ਸੁਆਗਤ ਹੈ: ਸਫਲ ਵਿਛੋੜੇ ਲਈ ਮਾਤਾ-ਪਿਤਾ ਵਾਸਤੇ ਗਾਈਡ (Welcome to CNC: A Parent's Guide to Gradual Separations)* ਦੀ ਇੱਕ ਕਾਪੀ ਮੰਗੋ।

## ਮਾਤਾ-ਪਿਤਾ ਅਤੇ ਸਟਾਫ਼ ਵਿਚਕਾਰ ਸੰਚਾਰ-ਸੰਪਰਕ ਅਹਿਮ ਹੈ!

ਅਸੀਂ ਤੁਹਾਨੂੰ ਸਾਡੇ CNC ਸਟਾਫ਼ ਨੂੰ ਜਾਣਨ ਅਤੇ ਆਪਣੇ ਬੱਚੇ ਬਾਰੇ ਸੂਚਨਾ ਸਾਂਝੀ ਕਰਨ ਲਈ ਪ੍ਰੇਰਿਤ ਕਰਦੇ ਹਾਂ। ਜਦੋਂ ਅਸੀਂ ਸਾਰੇ ਇਕੱਠੇ ਕੰਮ ਕਰਦੇ ਹਾਂ, ਤਾਂ ਅਸੀਂ ਤੁਹਾਡੇ ਬੱਚੇ ਦੀ ਮਦਦ ਅਤੇ ਉਸਨੂੰ ਸੁਰੱਖਿਅਤ ਰੱਖਣ ਲਈ ਜ਼ਿਆਦਾ ਕਾਬਲ ਬਣ ਜਾਂਦੇ ਹਾਂ।


*Funded by: Immigration, Refugees and Citizenship Canada / Financé par : Immigration, Réfugiés et Citoyenneté Canada*

### ਸਟਾਫ਼ ਨੂੰ ਇਸ ਬਾਰੇ ਦੱਸਣਾ ਯਕੀਨੀ ਬਣਾਉ:

- ਐਲਰਜ਼ੀਆਂ ਜਾਂ ਖਾਣੇ ਦੀਆਂ ਪਾਬੰਦੀਆਂ;
- ਬਿਮਾਰੀ ਜਾਂ ਜੇ ਤੁਹਾਡਾ ਬੱਚਾ ਦਵਾਈ ਲੈ ਰਿਹਾ ਹੈ (ਕਿਰਪਾ ਕਰਕੇ ਨੋਟ ਕਰੋ: ਦਵਾਈ ਸਿਰਫ਼ ਜਾਨ ਨੂੰ ਖ਼ਤਰਿਆਂ ਦੀਆਂ ਸਥਿਤੀਆਂ ਵਿੱਚ ਹੀ ਦਿੱਤੀ ਜਾਂਦੀ ਹੈ ਅਤੇ ਇਸਨੂੰ ਬੱਚੇ ਕੋਲ ਜਾਂ ਉਸਦੇ ਬੈਗ ਵਿੱਚ ਨਹੀਂ ਛੱਡਿਆ ਜਾਣਾ ਚਾਹੀਦਾ);
- ਅਤੇ ਖ਼ਾਸ ਜ਼ਰੂਰਤਾਂ ਜਾਂ ਚੁਣੌਤੀਆਂ। ਉਹ ਮਦਦ ਕਰਨ ਦੇ ਯੋਗ ਹੋ ਸਕਦੇ ਹਨ!

### ਸਟਾਫ਼ ਨੂੰ ਦੱਸਣਾ ਵੀ ਸਹਾਇਕ ਹੋ ਸਕਦਾ ਹੈ:

- ਤੁਹਾਡੇ ਬੱਚੇ ਦੀ ਝਪਕੀ ਜਾਂ ਖੁਰਾਕ ਦੀ ਸਮਾਂ-ਸੂਚੀ (ਸ਼ੈਂਡਯੂਲ);
- ਤੁਹਾਡੇ ਬੱਚੇ ਦੀਆਂ ਦਿਲਚਸਪੀਆਂ ਅਤੇ ਮਨਪਸੰਦ ਖਾਣੇ;
- ਉਹ ਸ਼ਬਦ ਜਿਹੜੇ ਕਿ ਸਟਾਫ਼ ਨੂੰ ਤੁਹਾਡੇ ਬੱਚੇ ਨਾਲ ਗੱਲਬਾਤ ਕਰਨ ਲਈ ਮਦਦ ਦੇ ਸਕਦੇ ਹੋਣ;
- ਪਰਿਵਾਰ ਬਾਰੇ ਸੂਚਨਾ ਅਤੇ ਸਹੋਦਰ ਭੈਣ-ਭਰਾਵਾਂ (ਜਾਂ ਪਰਿਵਾਰ ਦੀ ਇੱਕ ਫ਼ੋਟੋ ਲਿਆਉ);
- ਅਤੇ ਉਹ ਖ਼ਾਸ ਤਰੀਕੇ ਜਿਹਨਾਂ ਨਾਲ ਤੁਸੀਂ ਆਪਣੇ ਬੱਚੇ ਦੀ ਦੇਖਭਾਲ ਕਰਦੇ ਹੋ ਅਤੇ ਤੁਸੀਂ CNC ਤੋਂ ਕੀ ਚਾਹ ਸਕਦੇ ਹੋ।

### ਮਨ ਵਿੱਚ ਰੱਖਣ ਵਾਲੀਆਂ ਹੋਰ ਗੱਲਾਂ:

- ਤੁਹਾਡੇ ਬੱਚੇ ਦੀ ਸੁਰੱਖਿਆ ਲਈ, ਸਿਰਫ਼ ਉਹ ਹੀ ਮਾਤਾ-ਪਿਤਾ ਜਿਹੜਾ ਕਿ ਸੇਵਾਵਾਂ ਲਈ ਦਰਜ ਹੈ ਆਪਣੇ ਬੱਚਿਆਂ ਨੂੰ ਛੱਡ ਜਾਂ ਲੈ ਕੇ ਜਾ ਸਕਦਾ ਹੈ।
- ਬੱਚੇ ਨੂੰ ਅੰਦਰ ਜਾਂ ਬਾਹਰ ਲੈ ਜਾਣ ਲਈ ਤੁਹਾਨੂੰ ਹਮੇਸ਼ਾ ਦਸਤਖਤ ਕਰਨੇ ਚਾਹੀਦੇ ਹਨ।
- ਮੌਸਮਾਂ ਅਤੇ ਜੋ ਗਤੀਵਿਧੀਆਂ ਤੁਹਾਡੇ ਬੱਚੇ ਪ੍ਰੋਗਰਾਮ ਵਿੱਚ ਕਰਨਗੇ ਉਹਨਾਂ ਦੋਵਾਂ ਲਈ ਉਸ ਨੂੰ ਕਪੜੇ ਚੰਗੀ ਤਰ੍ਹਾਂ ਪਹਿਨਾਉ। ਬੱਚੇ ਨੂੰ ਕੀ ਪਹਿਨਾਉਣਾ ਹੈ, ਜੇ ਇਸ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਸਟਾਫ਼ ਨੂੰ ਪੁੱਛੋ।
- ਆਪਣੇ ਬੱਚੇ ਨੂੰ ਬਾਕਾਇਦਾ ਲਿਆਉਣਾ, ਉਹਨਾਂ ਦੇ ਰੁਟੀਨ ਨੂੰ ਬਰਕਰਾਰ ਰੱਖਣਾ ਅਤੇ ਸਕੂਲ ਲਈ ਤਿਆਰ ਕਰਨਾ ਜ਼ਰੂਰੀ ਹੈ। ਜੇ ਤੁਹਾਡਾ ਬੱਚਾ ਗੈਰ-ਹਾਜ਼ਿਰ ਹੋ ਸਕਦਾ ਹੈ, ਤਾਂ ਸਟਾਫ਼ ਨੂੰ ਜਾਣਕਾਰੀ ਦਿਉ।
- ਜੇ ਤੁਹਾਡਾ ਬੱਚਾ ਬਿਮਾਰ ਹੈ, ਤਾਂ ਬਿਮਾਰੀ ਦੇ ਫੈਲਾਅ ਦੀ ਰੋਕਥਾਮ ਵਾਸਤੇ ਉਹਨਾਂ ਨੂੰ ਘਰ ਵਿੱਚ ਹੀ ਰੱਖੋ। ਬੁਖ਼ਾਰ ਜਾਂ ਦਸਤ ਤੋਂ ਪੀੜਿਤ ਬੱਚੇ CNC ਵਿੱਚ ਵਾਪਸ ਪਰਤਣ ਤੋਂ 24 ਘੰਟੇ ਪਹਿਲਾਂ ਲੱਛਣਾਂ ਤੋਂ ਮੁਕਤ ਹੋਣੇ ਚਾਹੀਦੇ ਹਨ।

## ਸਾਡੇ CNC ਪ੍ਰੋਗਰਾਮ ਦੇ ਬਾਰੇ ਸਭ ਕੁਝ

**ਸੰਭਾਲ ਕਰਨ ਵਾਲੇ ਦਾ ਨਾਂ:** ______________________
Caregiver's Name / Nom du dispensateur de soins

**CNC ਦੇ ਘੰਟੇ:** ______________________
CNC Hours / Heures de garde d'enfant

| | ਹਾਂ<br>Yes / Oui | ਨਹੀਂ<br>Non / Non |
|---|---|---|
| ਟੀਕਾਕਰਣ ਦੀ ਲੋੜ ਹੈ<br>Immunization required / L'enfant doit avoir été vacciné | ○ | ○ |
| ਅਸੀਂ ਸਨੈਕਸ ਮੁਹੱਈਆ ਕਰਦੇ ਹਾਂ<br>We provide snacks / Nous fournissons des collations | ○ | ○ |
| ਆਪਣੇ ਬੱਚੇ ਦੇ ਲੰਚ/ਸਨੈਕ ਲਈ ਖਾਣਾ ਲਿਆਓ<br>Bring food for your child's lunch/snack / Apportez le déjeuner/la collation de votre enfant | ○ | ○ |
| ਤੁਸੀਂ ਲੰਚ ਵੇਲੇ ਆਪਣੇ ਬੱਚੇ ਦੀ ਦੇਖਭਾਲ ਕਰਦੇ ਹੋ<br>You care for your child at lunch / Vous prenez soin de votre enfant au déjeuner | ○ | ○ |
| ਸਾਡੇ ਕੋਲ ਇੱਕ ਨੈਪਟਾਈਮ (ਝਪਕੀ ਵਾਲਾ ਸਮਾਂ) ਹੈ<br>We have a naptime / Notre programme prévoit une sieste | ○ | ○ |

| | ਹਾਂ<br>Yes / Oui | ਨਹੀਂ<br>Non / Non |
|---|---|---|
| ਇੱਕ ਅਰਾਮਦਾਇਕ ਖਿਡੌਣਾ ਲਿਆਓ<br>Bring a comfort toy / Apportez un jouet réconfortant | ○ | ○ |
| ਵਾਧੂ ਪੁਸ਼ਾਕ ਲਿਆਓ<br>Bring extra clothes / Apportez des vêtements supplémentaires | ○ | ○ |
| ਇਨਡੋਰ ਪਹਿਨੀਆਂ ਜਾਂਦੀਆਂ ਜੁੱਤੀਆਂ ਲਿਆਓ<br>Bring indoor shoes / Apporter des chaussures d'intérieur | ○ | ○ |
| ਇੱਕ ਕੰਬਲ ਲਿਆਓ (ਜੇ ਲੋੜ ਹੋਵੇ)<br>Bring a blanket (if needed) / Apportez une couverture (si nécessaire) | ○ | ○ |
| ਡਾਇਪਰ (ਬੱਚਿਆਂ ਲਈ ਪੋਤੜਾ) ਲਿਆਓ (ਜੇ ਲੋੜ ਹੋਵੇ)<br>Bring diapers (if needed) / Apportez des couches (si nécessaire) | ○ | ○ |

CMAS

ਨਿੱਕੇ ਆਵਾਸੀ ਬੱਚਿਆਂ ਦੀ ਦੇਖਭਾਲ ਅਤੇ ਬੰਦੋਬਸਤ ਲਈ ਸਹਿਯੋਗ

ਮਾਤਾ-ਪਿਤਾ ਲਈ ਹੋਰ ਸੰਸਾਧਨਾਂ ਲਈ ਵਿਜ਼ਿਟ ਕਰੋ:
www.cmascanada.ca

Care for Newcomer Children


*Funded by: Immigration, Refugees and Citizenship Canada / Financé par : Immigration, Réfugiés et Citoyenneté Canada*